# आजा माँ पहाड़ाँ वालीए

ਕਦੋਂ ਪਾਉਣੇ ਮਾਂ, ਗਰੀਬਾਂ ਘਰ ਫ਼ੇਰੇ,
( 'ਆਜਾ ਮਾਂ ਪਹਾੜਾਂ ਵਾਲੀਏ' ) ॥
ਰਾਹਾਂ ਤੱਕਦੇ, ਨਿਮਾਣੇ ਨੈਣ ਮੇਰੇ,
( 'ਆਜਾ ਮਾਂ ਪਹਾੜਾਂ ਵਾਲੀਏ' ) ।
ਕਦੋਂ ਪਾਉਣੇ ਮਾਂ, ਗਰੀਬਾਂ,,,,,,,,,

ਕਰਦੇ ਉਡੀਕ ਤੇਰੀ, "ਆਜਾ ਇੱਕ ਵਾਰ ਮਾਂ" ।
ਬੱਚਿਆਂ ਦੇ ਘਰ ਫ਼ੇਰਾ, "ਪਾ ਜਾ ਇੱਕ ਵਾਰ ਮਾਂ" ॥
ਆਪ ਬੈਠੀ ਏ ਮਾਂ,,, ਜੈ ਹੋ ||l, ਮੰਦਿਰ ਵਿੱਚ ਕੇਹੜੇ,
( 'ਆਜਾ ਮਾਂ ਪਹਾੜਾਂ ਵਾਲੀਏ' )
ਰਾਹਾਂ ਤੱਕਦੇ, ਨਿਮਾਣੇ ਨੈਣ ਮੇਰੇ,
( 'ਆਜਾ ਮਾਂ ਪਹਾੜਾਂ ਵਾਲੀਏ' )
ਕਦੋਂ ਪਾਉਣੇ ਮਾਂ, ਗਰੀਬਾਂ,,,,,,,,,

ਕਦੋਂ ਹੈ ਜਗਾਉਣੀ ਸਾਡੀ, "ਸੁੱਤੀ ਤਕਦੀਰ ਮਾਂ" ।
ਤੇਰੇ ਕਦਮਾਂ ਦੇ ਵਿੱਚ, "ਬੈਠ ਗਏ ਅਖ਼ੀਰ ਮਾਂ" ॥
ਅਸੀਂ ਲਾਲ ਹਾਂ,,, ਜੈ ਹੋ ||l, ਅੰਮੜੀਏ ਤੇਰੇ,
( 'ਆਜਾ ਮਾਂ ਪਹਾੜਾਂ ਵਾਲੀਏ' )
ਰਾਹਾਂ ਤੱਕਦੇ, ਨਿਮਾਣੇ ਨੈਣ ਮੇਰੇ,
( 'ਆਜਾ ਮਾਂ ਪਹਾੜਾਂ ਵਾਲੀਏ' )
ਕਦੋਂ ਪਾਉਣੇ ਮਾਂ, ਗਰੀਬਾਂ,,,,,,,,,

ਤੇਰੇ ਬਾਝੋਂ ਹੁਣ ਇੱਕ, "ਲੰਘਦਾ ਨਾ ਪਲ ਮਾਂ" ।
ਇੱਕ ਵਾਰੀ ਨਿਗ਼ਾਹ ਮਾਰ, "ਬੱਚਿਆਂ ਦੇ ਵੱਲ ਮਾਂ" ॥
ਦੂਰ ਜਿੰਦੜੀ ਦੇ,,, ਜੈ ਹੋ ||l, ਕਰ ਮਾਂ ਹਨ੍ਹੇਰੇ,
( 'ਆਜਾ ਮਾਂ ਪਹਾੜਾਂ ਵਾਲੀਏ' )
ਰਾਹਾਂ ਤੱਕਦੇ, ਨਿਮਾਣੇ ਨੈਣ ਮੇਰੇ,
( 'ਆਜਾ ਮਾਂ ਪਹਾੜਾਂ ਵਾਲੀਏ' )
ਕਦੋਂ ਪਾਉਣੇ ਮਾਂ, ਗਰੀਬਾਂ,,,,,,,,,

ਕਹਿੰਦਾ ਤ੍ਰਿਲੋਚਨ, "ਭੁਲਾਈਏ ਤੇਰਾ ਦਵਾਰ ਨਾ" ।
ਸਦਾ ਰਹੀਏ ਅਸੀਂ ਤੇਰੀ, "ਗੋਦੀ ਦਾ ਸ਼ਿੰਗਾਰ ਮਾਂ" ॥
ਮਾਹੀ ਨੱਸਰਾਂ ਵਾਲੇ ਦੇ,,, ਜੈ ਹੋ ||l, ਰਹੀਂ ਨੇੜੇ,
( 'ਆਜਾ ਮਾਂ ਪਹਾੜਾਂ ਵਾਲੀਏ' )
ਕਦੋਂ ਪਾਉਣੇ ਮਾਂ, ਗਰੀਬਾਂ ਘਰ ਫ਼ੇਰੇ,
( 'ਆਜਾ ਮਾਂ ਪਹਾੜਾਂ ਵਾਲੀਏ' )
ਰਾਹਾਂ ਤੱਕਦੇ, ਨਿਮਾਣੇ ਨੈਣ ਮੇਰੇ,
( 'ਆਜਾ ਮਾਂ ਪਹਾੜਾਂ ਵਾਲੀਏ' )

ਅਸੀਂ ਲਾਲ ਹਾਂ, ਅੰਮੜੀਏ ਤੇਰੇ,
( 'ਆਜਾ ਮਾਂ ਪਹਾੜਾਂ ਵਾਲੀਏ' )
ਦੂਰ ਜਿੰਦੜੀ ਦੇ, ਕਰ ਮਾਂ ਹਨ੍ਹੇਰੇ,

( 'ਆਜਾ ਮਾਂ ਪਹਾੜਾਂ ਵਾਲੀਏ' )
ਮਾਹੀ ਨੱਸਰਾਂ ਵਾਲੇ ਦੇ, ਰਹੀਂ ਨੇੜੇ,
( 'ਆਜਾ ਮਾਂ ਪਹਾੜਾਂ ਵਾਲੀਏ' )
ਕਦੋਂ ਪਾਉਣੇ ਮਾਂ, ਗਰੀਬਾਂ ਘਰ ਫ਼ੇਰੇ,
( 'ਆਜਾ ਮਾਂ ਪਹਾੜਾਂ ਵਾਲੀਏ' ) ||

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/23442/title/aaja-maa-pahada-waliye

अपने Android मोबाइल पर BhajanGanga App डाउनलोड करें और भजनों का आनंद ले |